ਮੀਟਿੰਗ ਦੀ ਕਾਰਵਾਈ ਜੋ ਮਿਤੀ **25-07-2025** ਨੂੰ Raising and Strengthning of Sunam Dharamgarh Jakhepal (ODR-10) UNDER CRIF SCHEME DURING 2024-25 ਰਕਮ 1799.99 ਲੱਖ ਰੁਪਏ, ਜਮਾਨਤੀ ਰਕਮ ਰੁਪਏ 35.99 ਲੱਖ ਅਤੇ ਸਮਾਂ 06 ਮਹੀਨੇ ਸਬੰਧੀ ਕੀਤੀ ਗਈ।

ਮੁੱਖ ਇੰਜੀਨੀਅਰ (ਸਾਊਥ) ਪੰਜਾਬ ਲੋਕ ਨਿਰਮਾਣ ਵਿਭਾਗ ਭ ਤੇ ਮ ਸ਼ਾਖਾ ਪਟਿਆਲਾ ਦੇ ਪੱਤਰ ਨੰਬਰ 5285-88/ਰੋਡ-1/ਪੀ.ਆਰ. ਮਿਤੀ 11-8-2015 ਅਤੇ ਪੰਜਾਬ ਸਰਕਾਰ, ਵਿੱਤ ਵਿਭਾਗ (ਖਜਾਨਾ ਤੇ ਲੇਖਾ) ਵਿੱਤ ਤੇ ਯੋਜਨਾ ਭਵਨ, ਚੰਡੀਗੜ੍ਹ ਜੀ ਦੇ ਪਿੱਠਅੰਕਣ ਨੰ: ਟੀ.ਏ.(ਐਸ-1)2022/ਕੰਪਿ: ਨੰ: 336982/4220-25 ਮਿਤੀ 17-6-2022 ਰਾਂਹੀ ਹੇਠ ਲਿਖੇ ਅਧਿਕਾਰੀਆਂ ਦੀ ਕਮੇਟੀ ਹਲਕਾ ਸੰਗਰੂਰ ਦੇ ਕੰਮਾਂ ਦੇ ਟੈਂਡਰਾਂ ਦਾ ਮੁਲਾਂਕਣ ਕਰਨ ਲਈ ਗਠਿਤ ਕੀਤੀ ਗਈ ਹੈ:-

1. ਨਿਗਰਾਨ ਇੰਜੀਨੀਅਰ, ਉਸਾਰੀ ਹਲਕਾ, ਲੋਕ ਨਿਰਮਾਣ ਵਿਭਾਗ, ਭ ਤੇ ਮ ਸ਼ਾਖਾ, ਸੰਗਰੂਰ ।
2. ਨਿਗਰਾਨ ਇੰਜੀਨੀਅਰ, ਉਸਾਰੀ ਹਲਕਾ, ਲੋਕ ਨਿਰਮਾਣ ਵਿਭਾਗ, ਭ ਤੇ ਮ ਸ਼ਾਖਾ, ਫਰੀਦਕੋਟ ।
3. ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ, ਭ ਤੇ ਮ ਸ਼ਾਖਾ, ਸੰਗਰੂਰ।
4. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਅੰਦਰੂਨੀ ਪੜਤਾਲ ਸੰਸਥਾ (ਮਾਲ), ਸੰਗਰੂਰ।

Raising and Strengthning of Sunam Dharamgarh Jakhepal (ODR-10) UNDER CRIF SCHEME DURING 2024-25 ਰਕਮ 1799.99 ਲੱਖ ਰੁਪਏ ਦੇ ਟੈਂਡਰ ਪਹਿਲਾਂ ਬਿੱਡ ਨੋਟਿਸ ਨੰ. 32 ਮਿਤੀ 01.01.2025 ਰਾਂਹੀ ਮੰਗੇ ਗਏ ਸਨ, ਪ੍ਰੰਤੂ ਟੈਕਨੀਕਲ ਇਵੈਲਯੂਏਸ਼ਨ ਉਪਰੰਤ ਕੇਵਲ ਇੱਕ ਹੀ ਏਜੰਸੀ ਦੇ ਰਿਸਪੋਨਸਿਵ ਰਹਿ ਜਾਣ ਕਾਰਣ ਬਿੱਡ ਨੰ: 05 ਮਿਤੀ 02-05-2025 ਰਾਹੀ ਰੀਕਾਲ ਕੀਤੇ ਗਏ। ਦੂਸਰੀ ਵਾਰ ਲੋਐਸਟ ਰੇਟ ਦੇਣ ਵਾਲੀ ਏਜੰਸੀ ਮੈ/ਸ: ਆਲਵਨ ਇੰਨਫਰਾ ਪ੍ਰਾ: ਲਿਮ:, ਪਟਿਆਲਾ ਵੱਲੋ ਦਿੱਤੇ ਗਏ ਰੇਟ ਬਹੁਤ ਹਾਇਅਰ ਸਾਇਡ ਤੇ ਹੋਣ ਕਾਰਨ, ਸਰਕਾਰ ਦੇ ਵਿੱਤੀ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੇ ਟੈਂਡਰ ਕੈਂਸਲ ਕਰਦੇ ਹੋਏ ਤੀਸਰੀ ਵਾਰ ਬਿੱਡ ਨੰ: 23 ਮਿਤੀ 24-6-2025 ਰਾਹੀ ਰੀ-ਕਾਲ ਕੀਤੇ ਗਏ। ਟੈਂਡਰ ਡਾਕੂਮੈਂਟਸ ਮਿਤੀ 16.07.2025 ਨੂੰ ਸਵੇਰੇ 11:00 ਵਜੇ ਤੱਕ ਵੈਬਸਾਇਟ www.eprocure.gov.in ਤੇ ਅਪਲੋਡ ਕੀਤੇ ਜਾਣੇ ਸਨ ਅਤੇ ਮਿਤੀ 18.07.2025 ਨੂੰ ਸਵੇਰੇ 11:00 ਵਜੇ ਟੈਕਨੀਕਲ ਬਿੱਡਾਂ ਖੋਲੀਆਂ ਜਾਣੀਆਂ ਸਨ। ਮਿਤੀ 18.07.2025 ਨੂੰ ਸਵੇਰੇ 11:00 ਵਜੇ ਉਪਰੋਕਤ ਵੈਬਸਾਇਟ ਤੋਂ ਪ੍ਰਾਪਤ ਹੋਈਆ ਟੈਕਨੀਕਲ ਬਿੱਡਾ ਡਾਊਨਲੋਡ ਕੀਤੀਆਂ ਗਈਆਂ।ਇਸ ਕੰਮ ਲਈ ਹੇਠ ਲਿਖੀਆਂ ਦੋ ਏਜੰਸੀਆਂ ਵੱਲੋਂ ਟੈਂਡਰ ਡਾਕੂਮੈਂਟਸ ਅਪਲੋਡ ਕੀਤੇ ਗਏ ਸਨ:-

1. ਮੈ/ਸ: ਆਲਵਨ ਇੰਨਫਰਾ ਪ੍ਰਾ: ਲਿਮ:, ਪਟਿਆਲਾ
2. ਮੈ/ਸ: ਸੰਜੀਵ ਕੁਮਾਰ ਗੋਇਲ ਕੰਨਟਰੈਕਟਰ, ਮਾਨਸਾ।

ਉਕਤ ਏਜੰਸੀਆਂ ਵੱਲੋ ਟੈਂਡਰ ਫੀਸ ਅਤੇ ਜਮਾਨਤੀ ਰਕਮ ਨੈੱਟ ਬੈਂਕਿੰਗ ਰਾਹੀ ਜਮ੍ਹਾਂ ਕਰਵਾਈ ਗਈ ਹੈ। ਇਨ੍ਹਾਂ ਏਜੰਸੀਆਂ ਦੀਆਂ ਟੈਕਨੀਕਲ ਬਿੱਡਾਂ ਦਾ ਮੁਲਾਂਕਣ ਗਠਿਤ ਟੈਂਡਰ ਪ੍ਰੋਸੈਸਿੰਗ ਕਮੇਟੀ ਵੱਲੋ ਕੀਤਾ ਗਿਆ ਅਤੇ ਦੋਨੋ ਏਜੰਸੀਆਂ ਦੀਆਂ ਟੈਕਨੀਕਲ ਬਿੱਡਾਂ ਰਿਸਪੋਨਸਿਵ ਪਾਈਆਂ ਗਈਆਂ।

| | | |
|---|---|---|
| ਨਿਗਰਾਨ ਇੰਜੀਨੀਅਰ,<br>ਉਸਾਰੀ ਹਲਕਾ ਭ ਤੇ ਮ ਸ਼ਾਖਾ,<br>ਸੰਗਰੂਰ। | ਨਿਗਰਾਨ ਇੰਜੀਨੀਅਰ,<br>ਉਸਾਰੀ ਹਲਕਾ,ਭ ਤੇ ਮ ਸ਼ਾਖਾ,<br>ਫਰੀਦਕੋਟ। | ਕਾਰਜਕਾਰੀ ਇੰਜੀਨੀਅਰ,<br>ਪ੍ਰਾਂਤਕ ਮੰਡਲ ਭ ਤੇ ਮ ਸ਼ਾਖਾ,<br>ਸੰਗਰੂਰ। |

ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ),
ਅੰਦਰੂਨੀ ਪੜਤਾਲ ਸੰਸਥਾ (ਮਾਲ),
ਸੰਗਰੂਰ।

Signature Not Verified
Digitally signed by Lovejeet Singh
Date: 2025.08.21 12:24:00 IST
Location: eProcure-EPROC